# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times 12 ਜੂਨ 2025 ਦਿਨ ਵੀਰਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪੰਜਾਬ ਖੇਤ ਮਜ਼ਦੂਰ ਸਭਾ ਨੇ ਖੇਤ ਅਤੇ ਨਰੇਗਾ ਮਜ਼ਦੂਰਾਂ ਦੀਆਂ ਮੰਗਾਂ ਸਬੰਧੀ ਐਸ.ਡੀ.ਐਮ. ਫਰੀਦਕੋਟ ਨੂੰ ਦਿੱਤਾ ਮੰਗ ਪੱਤਰ

ਵਰਲਡ ਪੰਜਾਬੀ ਟਾਈਮਜ਼



ਫਰੀਦਕੋਟ, 12 ਜੂਨ : ਭਾਰਤੀ ਖੇਤ ਮਜ਼ਦੂਰ ਯੂਨੀਅਨ ਵੱਲੋਂ ਉਲੀਕੇ ਗਏ ਐਕਸ਼ਨ ਪ੍ਰੋਗਰਾਮ ਅਨੁਸਾਰ ਅੱਜ ਪੰਜਾਬ ਖੇਤ ਮਜ਼ਦੂਰ ਸਭਾ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਕਾਮਰੇਡ ਗੁਰਨਾਮ ਸਿੰਘ ਮਾਨੀ ਸਿੰਘ ਵਾਲਾ ਦੀ ਅਗਵਾਈ ਹੇਠ ਭਾਰਤ ਦੇ ਮਾਨਯੋਗ ਰਾਸ਼ਟਰਪਤੀ ਦੇ ਨਾਂਅ ਇੱਕ ਮੰਗ ਪੱਤਰ ਐਸ.ਡੀ.ਐਮ. ਫਰੀਦਕੋਟ ਨੂੰ ਦਿੱਤਾ ਗਿਆ। ਇਸ ਮੌਕੇ ਕਾਮਰੇਡ ਗੁਰਚਰਨ ਸਿੰਘ ਮਾਨ, ਜਗਤਾਰ ਸਿੰਘ ਭਾਣਾ ਸਾਬਕਾ ਸਰਪੰਚ, ਲਖਵੀਰ ਸਿੰਘ ਲੱਖਾ ਸਾਦਿਕ ਅਤੇ ਮੁਖਤਿਆਰ ਸਿੰਘ ਭਾਣਾ ਆਦਿ ਨੇ ਆਖਿਆ ਕਿ ਖੇਤ ਮਜ਼ਦੂਰ ਦੇਸ਼ ਦੀ ਖੇਤੀਬਾੜੀ ਅਤੇ ਇਸਦੇ ਵਿਕਾਸ ਦੀ ਰੀੜ੍ਹ ਦੀ ਹੱਡੀ ਹਨ। ਸਰਕਾਰ ਦੁਆਰਾ ਗਿਣੀ-ਮਿਥੀ ਲਾਪਰਵਾਹੀ ਕਾਰਨ ਉਨ੍ਹਾਂ ਦੇ ਰਹਿਣ-ਸਹਿਣ ਅਤੇ ਕੰਮ ਕਰਨ ਦੀਆਂ ਸਥਿਤੀਆਂ ਬਹੁਤ ਮਾੜੀਆਂ ਹੋ ਰਹੀਆਂ ਹਨ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, ਖੇਤ ਮਜ਼ਦੂਰਾਂ ਅਤੇ ਹੋਰ ਪੇਂਡੂ ਗਰੀਬਾਂ ਦੇ ਵਿਕਾਸ ਲਈ ਅਤੇ ਖੇਤ ਮਜ਼ਦੂਰਾਂ ਨੂੰ ਆਰਥਿਕ ਤੌਰ 'ਤੇ ਸਮਰੱਥ ਬਣਾਉਣ ਲਈ ਇੱਕ ਸਰਬ ਪੱਖੀ ਕੇਂਦਰੀ ਕਾਨੂੰਨ ਬਣਾਇਆ ਜਾਵੇ, ਸਾਰੇ ਰਾਜਾਂ ਵਿੱਚ ਖੇਤ ਮਜ਼ਦੂਰਾਂ ਅਤੇ ਹੋਰ ਪੇਂਡੂ ਮਜ਼ਦੂਰਾਂ ਦੀ ਸੁਰੱਖਿਆ ਲਈ ਕਨੂੰਨ ਅਨੁਸਾਰ ਭਲਾਈ ਬੋਰਡ ਦੀ ਸਥਾਪਨਾ ਕੀਤੀ ਜਾਵੇ, ਦੇਸ਼ ਵਿੱਚ ਜ਼ਮੀਨ ਦੀ ਵੰਡ ਇੱਕ ਮਹੱਤਵਪੂਰਨ ਮੁੱਦਾ ਰਿਹਾ ਹੈ ਅਤੇ ਖੇਤ ਮਜ਼ਦੂਰ ਦੇਸ਼ ਵਿੱਚ ਕਿਰਤ ਸ਼ਕਤੀ ਦਾ ਜ਼ਮੀਨ ਪੱਖੋ ਸਭ ਤੋਂ ਵਾਂਝਾ ਵਰਗ ਹਨ। ਭੂਮੀ ਸੁਧਾਰ ਦੇਸ਼ ਵਿੱਚ ਅਜੇ ਅਧੂਰੇ ਹੀ ਹਨ। ਐਲਾਨੀ ਗਈ ਵਾਧੂ ਜ਼ਮੀਨ ਅਤੇ ਸਰਕਾਰੀ ਰਹਿੰਦ-ਖੂੰਹਦ ਜ਼ਮੀਨ ਸਾਰੇ ਭੂਮੀਹੀਣਾਂ, ਦਲਿਤਾਂ, ਖੇਤ ਮਜ਼ਦੂਰਾਂ, ਆਦਿਵਾਸੀ ਲੋਕਾਂ ਅਤੇ ਸੀਮਾਂਤ ਗਰੀਬ ਕਿਸਾਨਾਂ ਨੂੰ ਵੰਡੀ ਜਾਵੇ, ਭੂਮੀਹੀਣ ਪਰਿਵਾਰਾਂ ਲਈ ਢੁਕਵੇਂ ਘਰਾਂ ਦੀ ਸਹੂਲਤ ਦਿੱਤੀ ਜਾਵੇ, ਰੁਜ਼ਗਾਰ ਦੀ ਗਰੰਟੀ ਦਿੱਤੀ ਜਾਵੇ,ਮਨਰੇਗਾ ਅਧੀਨ 200 ਦਿਨ ਕੰਮ ਅਤੇ ਰੋਜ਼ਾਨਾ ਉਜਰਤ 700 ਰੁਪਏ ਕਰਨੀ ਯਕੀਨੀ ਬਣਾਇਆ ਜਾਵੇ, ਸਾਰੇ ਖੇਤ ਮਜ਼ਦੂਰਾਂ ਨੂੰ 55 ਸਾਲ ਦੀ ਉਮਰ 'ਤੇ 10,000 ਰੁਪਏ ਪ੍ਰਤੀ ਮਹੀਨਾ ਬੁਢਾਪਾ ਪੈਨਸ਼ਨ ਦਿੱਤੀ ਜਾਵੇ, ਪ੍ਰਧਾਨ ਮੰਤਰੀ ਆਵਾਂਸ ਯੋਜਨਾ ਅਧੀਨ 10 ਲੱਖ ਰੁਪਏ ਮਕਾਨ ਬਣਾਉਣ ਦੀ ਗ੍ਰਾਂਟ ਦਿੱਤੀ ਜਾਵੇ ਆਦਿ ਮੰਗਾਂ ਤੁਰੰਤ ਲਾਗੂ ਕੀਤੀਆਂ ਜਾਣ।

## ਬੀ.ਡੀ.ਪੀ.ਓ. ਦਫ਼ਤਰ ਵਿਖੇ ਨਵੇਂ ਚੁਣੇ ਗਏ ਸਰਪੰਚਾਂ ਅਤੇ ਪੰਚਾਂ ਦੇ ਟ੍ਰੇਨਿੰਗ ਕੈਂਪ ਸਫਲਤਾਪੂਰਵਕ ਜਾਰੀ

### ਰਾਜ ਅਤੇ ਕੇਂਦਰ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਬਾਰੇ ਦਿੱਤੀ ਜਾ ਰਹੀ ਹੈ ਜਾਣਕਾਰੀ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 12 ਜੂਨ : ਦਿਹਾਤੀ ਵਿਕਾਸ ਅਤੇ ਪੰਚਾਇਤੀ ਰਾਜ ਸੰਸਥਾ ਮੋਹਾਲੀ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਅਤੇ ਨਰਭਿੰਦਰ ਸਿੰਘ ਗਰੇਵਾਲ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਦੀ ਅਗਵਾਈ ਹੇਠ ਗ੍ਰਾਮ ਪੰਚਾਇਤਾਂ ਦੇ ਨਵੇਂ ਚੁਣੇ ਗਏ ਸਰਪੰਚਾਂ ਅਤੇ ਪੰਚਾਂ ਦੇ ਬਲਾਕ ਪੱਧਰੀ ਟ੍ਰੇਨਿੰਗ ਕੈਂਪ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ-ਕਮ-ਕਾਰਜ ਸਾਧਕ ਅਫ਼ਸਰ ਪੰਚਾਇਤ ਸੰਮਤੀ ਦੇ ਦਫ਼ਤਰ ਫ਼ਰੀਦਕੋਟ ਵਿਖੇ 02-07-2025 ਤੱਕ ਸਫਲਤਾਪੂਰਵਕ ਲਾਏ ਜਾਣਗੇ। ਇਹ ਜਾਣਕਾਰੀ ਨੱਥਾ ਸਿੰਘ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ-ਕਮ-ਕਾਰਜ ਸਾਧਕ ਅਫ਼ਸਰ ਪੰਚਾਇਤ ਸੰਮਤੀ ਫ਼ਰੀਦਕੋਟ ਨੇ ਦਿੱਤੀ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਇਨ੍ਹਾਂ ਟਰੇਨਿੰਗ ਕੈਂਪਾਂ ਵਿੱਚ ਬਲਾਕ ਫ਼ਰੀਦਕੋਟ ਦੀਆਂ 118 ਗ੍ਰਾਮ ਪੰਚਾਇਤਾਂ ਦੇ ਨਵੇਂ ਚੁਣੇ ਗਏ ਸਰਪੰਚਾਂ ਅਤੇ ਪੰਚਾਂ ਨੂੰ ਮਾਸਟਰ ਰਿਸੋਰਸ ਪਰਸਨ ਤੇਜਿੰਦਰ ਕੌਰ ਅਤੇ ਪਵਨ ਕੁਮਾਰੀ ਦੀ ਦੇਖ-ਰੇਖ ਹੇਠ ਭਾਰਤ ਸਰਕਾਰ ਅਤੇ ਸੂਬਾ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਵਿੱਚ ਚੁਣੇ ਗਏ ਨੁਮਾਇੰਦਿਆਂ ਨੂੰ ਉਨ੍ਹਾਂ ਦੇ ਅਧਿਕਾਰ ਖੇਤਰ ਬਾਰੇ ਵੀ ਜਾਣੂ ਕਰਵਾਇਆ ਜਾ ਰਿਹਾ ਹੈ ਤਾਂ ਜੋ ਉਨ੍ਹਾਂ ਵੱਲੋਂ ਪਿੰਡ ਪੱਧਰ ਉੱਪਰ ਵੀ ਸਰਕਾਰੀ ਸਕੀਮਾਂ ਦਾ ਵੱਧ ਤੋਂ ਵੱਧ ਲੋਕਾਂ ਨੂੰ ਲਾਭ ਦਿਵਾਉਣ ਲਈ ਪ੍ਰੇਰਿਤ ਕੀਤਾ ਜਾ ਸਕੇ। ਇਸ ਮੌਕੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਮਗਨਰੇਗਾ ਵਿਭਾਗ, ਸਿੱਖਿਆ ਵਿਭਾਗ, ਸਮਾਜਿਕ ਸਿੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਆਦਿ ਦੇ ਆਏ ਵੱਖ ਵੱਖ ਬੁਲਾਰਿਆਂ ਵੱਲੋਂ ਆਪਣੇ-ਆਪਣੇ ਵਿਭਾਗ ਦੀਆਂ ਸਕੀਮਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਜਾ ਰਹੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨਪ੍ਰੀਤ ਸਿੰਘ ਸੁਪਰਡੈਂਟ, ਰਾਜੀਵ ਚੋਹਾਨ ਲੇਖਾਕਾਰ, ਦਲਜੀਤ ਸਿੰਘ ਪੰਚਾਇਤ ਅਫਸਰ, ਗੁਰਜੰਟ ਸਿੰਘ ਐਸ.ਈ.ਪੀ.ਓ., ਰਵਿੰਦਰ ਕੌਰ ਸਟੈਨੋ, ਵੀਰਪਾਲ ਕੋਰ ਏ.ਪੀ.ਓ., ਲਖਵਿੰਦਰ ਸਿੰਘ ਈ-ਪੰਚਾਇਤ ਅਪਰੇਟਰ ਆਦਿ ਵੀ ਹਾਜ਼ਰ ਸਨ।

## ਅੱਜ ਰੋਸ ਵਜੋਂ ਕੰਮ ਬੰਦ ਕਰਨਗੇ ਸਮੁੱਚੇ ਐਨ.ਐਚ.ਐਮ. ਕਰਮਚਾਰੀ

### ਭਗਵੰਤ ਮਾਨ ਸਰਕਾਰ ਦੀ ਲਾਰੇਬਾਜੀ ਤੋਂ ਤੰਗ ਆ ਕੇ ਰੋਸ ਵਜੋਂ ਨੈਸ਼ਨਲ ਹੈਲਥ ਮਿਸ਼ਨ ਪੰਜਾਬ ਦੇ ਸਿਹਤ ਮੁਲਾਜ਼ਮਾਂ ਨੇ ਲੁਧਿਆਣਾ ਪਾਏ ਚਾਲੇ

### 'ਆਪ' ਸਰਕਾਰ ਦੀ ਵਾਅਦਾਖਿਲਾਫੀ ਵਿਰੁੱਧ ਲੁਧਿਆਣਾ ਦੇ ਬਜਾਰਾਂ 'ਚ ਕਰਨਗੇ ਪੋਲ ਖੋਲ ਪ੍ਰਚਾਰ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 12 ਜੂਨ: ਪੰਜਾਬ ਭਰ ਵਿੱਚ ਸਿਹਤ ਵਿਭਾਗ ਅਧੀਨ ਨੈਸ਼ਨਲ ਹੈਲਥ ਮਿਸ਼ਨ ਦੇ ਤਹਿਤ ਪਿਛਲੇ 18 ਸਾਲਾਂ ਤੋਂ ਬਹੁਤ ਹੀ ਨਿਗੁਣੀਆਂ ਤਨਖਾਹਾਂ ਉੱਤੇ ਕੰਮ ਕਰਦੇ 9200 ਦੇ ਕਰੀਬ ਮੈਡੀਕਲ, ਪੈਰਾਮੈਡੀਕਲ ਅਤੇ ਦਫਤਰੀ ਸਿਹਤ ਕਾਮੇ ਠੇਕਾ ਪ੍ਰਥਾ ਦਾ ਸ਼ਿਕਾਰ ਹੋ ਰਹੇ ਹਨ ਪਰ ਪਿਛਲੇ ਢਾਈ ਤਿੰਨ ਸਾਲਾਂ ਤੋਂ ਐਨ.ਐਚ.ਐਮ. ਇੰਪਲਾਈਜ ਯੂਨੀਅਨ ਪੰਜਾਬ ਦੀ ਸੂਬਾ ਕਮੇਟੀ ਦੀਆਂ ਪੰਜਾਬ ਸਰਕਾਰ ਨਾਲ ਮੀਟਿੰਗ ਹੋਈਆਂ ਮੀਟਿੰਗਾਂ ਸਿਰਫ ਜੁਬਾਨੀ ਲਾਰੇਬਾਜੀ ਸਾਬਿਤ ਹੋਈਆਂ। ਸੂਬਾਈ ਆਗੂਆਂ ਵੱਲੋਂ ਪੰਜਾਬ ਸਰਕਾਰ 'ਤੇ ਰੋਸ ਜਾਹਿਰ ਕਰਦਿਆਂ ਕਿਹਾ ਕਿ ਲਗਭਗ ਤਿੰਨ ਸਾਲ ਦਾ ਸਮਾਂ ਬੀਤ ਜਾਣ 'ਤੇ ਵੀ ਪੰਜਾਬ ਸਰਕਾਰ ਵੱਲੋਂ ਨੈਸ਼ਨਲ ਹੈਲਥ ਮਿਸ਼ਨ ਦੇ ਕਰਮਚਾਰੀਆਂ ਦੀ ਕੋਈ ਵੀ ਜਾਇਜ਼ ਮੰਗ ਪੂਰੀ ਨਹੀਂ ਕੀਤੀ, ਜਿਸ ਕਰਕੇ ਕਰਮਚਾਰੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਯੂਨੀਅਨ ਆਗੂਆਂ ਦੀ ਅੱਜ 9 ਜੂਨ ਨੂੰ ਕੀਤੀ ਆਨਲਾਈਨ ਮੀਟਿੰਗ ਤੋਂ ਬਾਅਦ ਪੰਜਾਬ ਦੇ ਸਮੂਹ ਕਰਮਚਾਰੀਆਂ ਨੇ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਇਸੇ ਮਹੀਨੇ 15 ਜੂਨ ਨੂੰ ਲੁਧਿਆਣਾ ਵੈਸਟ ਵਿਧਾਨ ਸਭਾ ਜਿਮਨੀ ਚੋਣਾਂ ਵਿੱਚ ਪੰਜਾਬ ਸਰਕਾਰ ਦਾ ਵਿਰੋਧ ਕਰਦਿਆਂ ਪੋਲ ਖੋਲ ਰੈਲੀ ਕਰਕੇ ਪਰਚੇ ਵੰਡੇ ਜਾਣਗੇ। ਵਿਰੋਧ ਪ੍ਰਦਰਸ਼ਨ ਅਤੇ ਰੋਸ ਮਾਰਚ ਕਰਦਿਆਂ ਲੁਧਿਆਣਾ ਵੈਸਟ ਦੇ ਮੁਹੱਲਿਆਂ ਅਤੇ ਬਜਾਰਾ ਵਿੱਚ 10000 ਪਰਚੇ ਵੰਡ ਕੇ ਪੰਜਾਬ ਸਰਕਾਰ ਦੇ ਝੂਠ ਦੀ ਪੋਲ ਖੋਲ੍ਹੀ ਜਾਵੇਗੀ ਅਤੇ ਨਾਲ ਹੀ ਰੋਸ ਵਜੋਂ 13 ਜੂਨ ਨੂੰ ਆਨਲਾਈਨ ਅਤੇ ਆਫ ਲਾਈਨ ਕੰਮ ਬੰਦ ਕਰਕੇ ਆਪਣੇ ਆਪਣੇ ਬਲਾਕ ਅਤੇ ਸਿਵਲ ਸਰਜਨ ਦਫ਼ਤਰ ਦੇ ਬਾਹਰ ਇੱਕਠੇ ਹੋ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਕਰਨਗੇ। ਇਹ ਜਾਣਕਾਰੀ ਐਨ.ਐਚ.ਐਮ. ਇੰਪਲਾਇਜ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਡਾ ਵਾਹਿਦ ਮਾਲੇਰਕੋਟਲਾ ਅਤੇ ਸੂਬਾ ਜਨਰਲ ਸਕੱਤਰ ਗੁਲਸ਼ਨ ਸ਼ਰਮਾ ਫਰੀਦਕੋਟ ਨੇ ਦਿੱਤੀ। ਇਸ ਮੌਕੇ ਸੀਨੀਅਰ ਆਗੂ ਸੁਖਜੀਤ ਸਿੰਘ ਰੋਪੜ, ਕਿਰਨਜੀਤ ਕੌਰ ਮੁਹਾਲੀ, ਸੰਦੀਪ ਕੌਰ ਬਰਨਾਲਾ ਅਤੇ ਅਮਰਜੀਤ ਸਿੰਘ ਫ਼ਤਹਿਗੜ੍ਹ ਸਾਹਿਬ ਨੇ ਕਿਹਾ ਕਿ ਸਾਡੇ ਗੁਆਂਢੀ ਸੂਬੇ ਹਰਿਆਣਾ ਵੱਲੋਂ 2017 ਤੋਂ ਨੈਸ਼ਨਲ ਹੈਲਥ ਮਿਸ਼ਨ ਦੇ ਕਰਮਚਾਰੀਆਂ ਨੂੰ ਸਰਵਿਸ ਬਾਏ ਲਾਅਜ਼ ਬਣਾ ਕੇ ਰੈਗੂਲਰ ਪੇਅ ਸਕੇਲ, ਪੇਅ ਕਮਿਸ਼ਨ, ਡੀ.ਏ. ਅਤੇ ਮੈਡੀਕਲ ਰੀਬਰਸਮੈਂਟ ਵਰਗੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਐਨ.ਐਚ.ਐਮ. ਕਰਮਚਾਰੀਆਂ ਦੀਆਂ ਮੁੱਖ ਮੰਗਾਂ ਵਿੱਚ ਰੈਗੂਲਰਾਈਜੇਸ਼ਨ, ਹਰਿਆਣਾ ਦੀ ਤਰਜ ਤੇ ਬਾਏ ਲਾਅਜ਼ ਬਣਾ ਕੇ ਮੌਜੂਦਾ ਤਨਖਾਹਾਂ ਵਿੱਚ ਵਾਧਾ ਕਰਨਾ, ਲਾਇਲਟੀ ਬੋਨਸ, ਲੀਵ ਪਾਲਿਸੀ ਤਹਿਤ ਕਮਾਊ ਛੁੱਟੀ, ਗ੍ਰੈਚਇਟੀ ਆਦਿ ਹਨ। ਇਸ ਮੌਕੇ ਡਾ. ਸ਼ਿਵਰਾਜ ਲੁਧਿਆਣਾ, ਰਣਜੀਤ ਕੌਰ ਬਠਿੰਡਾ, ਦਿਨੇਸ਼ ਗਰਗ ਪਟਿਆਲਾ, ਜਸਬੀਰ ਸਿੰਘ ਤਰਨਤਾਰਨ, ਦੀਪਿਕਾ ਸ਼ਰਮਾ ਪਠਾਨਕੋਟ, ਡਾ. ਪ੍ਰਭਜੋਤ ਕਪੂਰਥਲਾ, ਅਮਨਦੀਪ ਸਿੰਘ ਨਾਭਾ, ਅਨਿਤਾ ਹੁਸ਼ਿਆਰਪੁਰ ਅਤੇ ਡਾ. ਸੁਮਿਤ ਕਪਾਹੀ ਜਲੰਧਰ, ਅਵਤਾਰ ਸਿੰਘ ਮਾਨਸਾ ਸੂਬਾ ਸਲਾਹਕਾਰ, ਸੁਖਜੀਤ ਸਿੰਘ ਰੋਪੜ, ਗੁਰਪ੍ਰੀਤ ਸਿੰਘ ਭੁੱਲਰ ਮੁਕਤਸਰ, ਡਾ. ਸੁਨੀਲ ਤਰਗੋਤਰਾ, ਹਰਪਾਲ ਸਿੰਘ ਸੋਢੀ ਆਦਿ ਆਗੂਆਂ ਨੇ ਕਿਹਾ ਸਾਝੀ ਅਵਾਜ਼ ਵਿੱਚ ਕਿਹਾ ਕਿ ਨੈਸ਼ਨਲ ਹੈਲਥ ਮਿਸ਼ਨ ਅਧੀਨ ਕੰਮ ਕਰਦੇ ਕਰਮਚਾਰੀਆਂ ਨੂੰ ਦੀਆਂ ਜਾਇਜ ਮੰਗਾਂ ਜਲਦ ਤੋਂ ਜਲਦ ਪੂਰੀਆਂ ਕਰਕੇ ਬਣਦਾ ਮਾਣ ਸਨਮਾਨ ਬਹਾਲ ਕੀਤਾ ਜਾਵੇ। ਇਸ ਮੌਕੇ ਹਾਜ਼ਰ ਸੂਬਾਈ ਆਗੂਆ ਨੇ ਰੋਸ਼ ਜਾਹਰ ਕਰਦੇ ਹੋਏ ਕਿਹਾ ਕਿ ਭਗਵੰਤ ਮਾਨ ਸਰਕਾਰ ਜਾਇਜ਼ ਮੰਗਾਂ ਦਾ ਹੱਲ ਕਰਨ ਤੋਂ ਭੱਜਦੀ ਦਿਖਾਈ ਦੇ ਰਹੀ ਹੈ, ਜਿਸ ਕਰਕੇ ਕਰਮਚਾਰੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਮੌਕੇ ਡਾ. ਰਾਜ ਨਵਾਂਸ਼ਹਿਰ, ਜਸ਼ਨ ਫ਼ਤਹਿਗੜ੍ਹ ਸਾਹਿਬ, ਹਰਜਿੰਦਰ ਸਿੰਘ ਸੰਗਰੂਰ, ਡਾ. ਕੁਲਵਿੰਦਰ ਸਿੰਘ, ਡਾ. ਜਤਿੰਦਰ ਸਿੰਘ ਅਤੇ ਜਿਲ੍ਹਿਆਂ ਦੇ ਆਗੂ ਵੀ ਹਾਜ਼ਰ ਸਨ।

## " ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਪਿਤਾ ਦਿਵਸ ਨੂੰ ਸਮਰਪਿਤ ਅੰਤਰਰਾਸ਼ਟਰੀ ਵੈਬੀਨਾਰ ( ਕਾਵਿ ਮਿਲਣੀ ) ਬਹੁਤ ਕਾਮਯਾਬ ਰਹੀ "

ਵਰਲਡ ਪੰਜਾਬੀ ਟਾਈਮਜ਼
ਰਮਿੰਦਰ ਰੰਮੀ



ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਪਿਤਾ ਦਿਵਸ ਨੂੰ ਸਮਰਪਿਤ ਅੰਤਰਰਾਸ਼ਟਰੀ (ਕਾਵਿ ਮਿਲਣੀ )ਵੈਬੀਨਾਰ ਦਾ ਆਯੋਜਨ ਕੀਤਾ ਗਿਆ । ਜਿਸ ਵਿੱਚ ਸੰਸਾਰ ਭਰ ਵਿੱਚੋਂ ਨਾਮਵਰ ਸ਼ਖ਼ਸੀਅਤਾਂ ਨੇ ਆਪਣੀ ਸ਼ਾਮੂਲੀਅਤ ਕੀਤੀ । ਫ਼ਾਊਂਡਰ ਤੇ ਪ੍ਰਬੰਧਕ ਰਮਿੰਦਰ ਰੰਮੀ ਨੇ ਸੱਭ ਨੂੰ ਰਸਮੀ ਨਿੱਘਾ ਜੀ ਆਇਆਂ ਕਿਹਾ ਤੇ ਪ੍ਰਧਾਨ ਰਿੰਟੂ ਭਾਟੀਆ ਨੂੰ ਪ੍ਰੋਗਰਾਮ ਨੂੰ ਹੋਸਟ ਕਰਨ ਲਈ ਕਿਹਾ । ਵੈਬੀਨਾਰ ਦਾ ਸੰਚਾਲਨ ਰਿੰਟੂ ਭਾਟੀਆ ਨੇ ਕੀਤਾ ਜੋ ਬਹੁਤ ਕਾਬਿਲੇ ਤਾਰੀਫ਼ ਸੀ । । ਉਹਨਾਂ ਨੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਹੋ ਰਹੇ ਪ੍ਰੋਗਰਾਮਾਂ ਦੀ ਜਾਣਕਾਰੀ ਦਿੱਤੀ ਤੇ ਪਰਮਜੀਤ ਦਿਓਲ ਨੂੰ ਆਏ ਹੋਏ ਮਹਿਮਾਨਾਂ ਦਾ ਸਵਾਗਤ ਕਰਨ ਲਈ ਕਿਹਾ । ਪਰਮਜੀਤ ਦਿਓਲ ਨੇ ਇਸ ਮੌਕੇ ਸਭ ਨੂੰ ਜੀ ਆਇਆਂ ਆਖਿਆ ਤੇ ਉਹਨਾਂ ਰਮਿੰਦਰ ਵਾਲੀਆ ਰੰਮੀ ਦੇ ਯਤਨਾਂ ਦੀ ਸ਼ਲਾਘਾ ਕੀਤੀ , ਜੋਕਿ ਚਾਰ ਸਾਲ ਤੋਂ ਲਗਾਤਾਰ ਇਹ ਪ੍ਰੋਗਰਾਮ ਕਰਾ ਰਹੇ ਹਨ । ਫਿਰ ਰਿੰਟੂ ਭਾਟੀਆ ਨੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਹੋ ਰਹੇ ਪ੍ਰੋਗਰਾਮਾਂ ਦੀ ਜਾਣਕਾਰੀ ਦਿੱਤੀ ।ਰਿੰਟੂ ਭਾਟੀਆ ਨੇ ਡਾ . ਗੁਰਬਖ਼ਸ਼ ਸਿੰਘ ਭੰਡਾਲ ਜੀ ਦੀ ਇਕ ਰਚਨਾ ਨੂੰ ਸੁਣਾ ਕੇ ਪ੍ਰੋਗਰਾਮ ਦਾ ਆਗਾਜ਼ ਕੀਤਾ । ਪਿਤਾ ਦਿਵਸ ਨੂੰ ਸਮਰਪਿਤ ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ :- ਪ੍ਰਿੰ. ਹਰਜਿੰਦਰ ਸੱਧਰ ਤੇ ਡਾ . ਲਖਵਿੰਦਰ ਗਿੱਲ ਸਨ । ਬਾਕੀ ਸਾਰੇ ਸਤਿਕਾਰਿਤ ਕਵੀ ਵਿਸ਼ੇਸ਼ ਮਹਿਮਾਨ ਸਨ । ਜਿਹਨਾਂ ਵਿਚ ਡਾ . ਗੁਰਜੋਧ ਕੌਰ ,ਡਾ . ਮਨਜਿੰਦਰ ਕੌਰ ਮੁਕੇਰੀਆਂ
, ਡਾ . ਪ੍ਰਭਜੋਤ ਕੌਰ ਚੰਡੀਗੜ੍ਹ , ਪ੍ਰੋ. ਬੀਰ ਇੰਦਰ ਸਰਾਂ ,ਜ਼ੋਰਾਵਰ ਸਿੰਘ ਪੰਛੀ , ਕੁਲਵਿੰਦਰਜੀਤ ਕੌਰ ਚਾਵਲਾ ,ਪਰਮਜੀਤ ਕੌਰ ਜੈਸਵਾਲ ,ਸੁਖਬੀਰ ਕੌਰ ਸੁੱਖੀ ਅਤੇ ਗਿਆਨ ਸਿੰਘ ਦਰਦੀ ਸਨ । ਹਰ ਵਾਰ ਦੀ ਤਰਾਂ ਇਸ ਵਾਰ ਵੀ ਬਹੁਤ ਸਾਰੇ ਨਵੇਂ ਕਵੀਆਂ ਨੂੰ ਪ੍ਰੋਗਰਾਮ ਵਿੱਚ ਲਿਆ ਗਿਆ ਸੀ । ਸੱਭ ਸ਼ਾਇਰਾਂ ਦੀਆਂ ਰਚਨਾਵਾਂ ਬਹੁਤ ਹੀ ਪਿਆਰੀਆਂ ਤੇ ਉੱਚ ਪਾਏ ਦੀਆਂ ਸਨ । ਸੱਭ ਨੇ ਅਲੱਗ ਹੀ ਅੰਦਾਜ਼ ਵਿੱਚ ਆਪਣੀਆਂ ਰਚਨਾਵਾਂ ਨੂੰ ਪੇਸ਼ ਕੀਤਾ । ਅੰਤ ਵਿਚ ਮੁੱਖ ਮਹਿਮਾਨ ਪ੍ਰਿੰਸੀਪਲ ਹਰਜਿੰਦਰ ਕੌਰ ਸੱਧਰ ਜੀ ਨੇ ਸਾਰੇ ਕਵੀਆਂ ਦੀਆਂ ਰਚਨਾਵਾਂ ਦੇ ਬਾਰੇ ਵਿਚ ਆਪਣੀਆਂ ਭਾਵਪੂਰਤ ਟਿੱਪਣੀਆਂ ਨੂੰ ਪੇਸ਼ ਕੀਤਾ । ਚੇਅਰਮੈਨ ਸ . ਪਿਆਰਾ ਸਿੰਘ ਕੁੱਦੋਵਾਲ ਜੀ ਨੇ ਆਖੀਰ ਵਿੱਚ ਮੀਟਿੰਗ ਵਿੱਚ ਹਾਜ਼ਰੀਨ ਮੈਂਬਰਜ਼ ਦਾ ਮੋਹ ਭਿੱਜੇ ਸ਼ਬਦਾਂ ਨਾਲ ਧੰਨਵਾਦ ਕੀਤਾ ਤੇ ਹਮੇਸ਼ਾਂ ਵਾਂਗ ਆਪਣੇ ਵਿਲੱਖਣ ਅੰਦਾਜ਼ ਵਿੱਚ ਪ੍ਰੋਗਰਾਮ ਨੂੰ ਸਮਅੱਪ ਕੀਤਾ । ਉਹਨਾਂ ਨੇ ਇਕ ਰਚਨਾ ਵੀ ਪਿਤਾ ਦਿਵਸ ਨੂੰ ਸਮਰਪਿਤ ਖ਼ੂਬਸੂਰਤ ਅੰਦਾਜ਼ ਵਿਚ ਸੁਣਾਈ ਜੋਕਿ ਉਹਨਾਂ ਦੇ ਦੋਸਤ ਸ . ਮੁਖਵੀਰ ਸਿੰਘ ਜੀ ਦੀ ਲਿਖੀ ਹੋਈ ਸੀ ।ਰਮਿੰਦਰ ਰੰਮੀ ਨੇ ਸੱਭ ਪ੍ਰਬੰਧਕਾਂ ਤੇ ਹਾਜ਼ਰੀਨ ਮੈਂਬਰਜ਼ ਦਾ ਧੰਨਵਾਦ ਕੀਤਾ ਤੇ ਕਿਹਾ ਕਿ " ਤੁਸੀਂ ਘਰ ਅਸਾਡੇ ਆਏ ਅਸੀਂ ਫੁੱਲੇ ਨਹੀਂ ਸਮਾਏ " ।ਇਹ ਪ੍ਰੋਗਰਾਮ ਹਮੇਸ਼ਾਂ ਫੇਸਬੁੱਕ ਲਾਈਵ ਹੁੰਦਾ ਹੈ ਤੇ ਯੂ ਟਿਊਬ ਤੇ ਲਿੰਕ ਵੀ ਸ਼ੇਅਰ ਹੁੰਦਾ ਹੈ ਰਿਕਾਰਡਿੰਗ ਦਾ । , ਬਹੁਤ ਨਾਮਵਰ ਸ਼ਖ਼ਸੀਅਤਾਂ ਦੇ ਮੈਸੇਜ ਆਏ ਕਿ ਪ੍ਰੋਗਰਾਮ ਦੇਖਕੇ ਬਹੁਤ ਅਨੰਦ ਮਾਣਿਆ ਹੈ । ਚੈਟ ਬਾਕਸ ਵਿਚ ਵੀ ਦੋਸਤਾਂ ਨੇ ਬਹੁਤ ਖ਼ੂਬਸੂਰਤ ਕਮੈਂਟਸ ਕਰਕੇ ਹੌਂਸਲਾ ਅਫ਼ਜ਼ਾਈ ਕੀਤੀ । ਧੰਨਵਾਦ ਸਹਿਤ ।

## ਸੀਨੀਅਰ ਸਿਟੀਜਨ ਸਮਾਜਿਕ ਕਦਰਾਂ ਕੀਮਤਾਂ ਦੀ ਖ਼ਜਾਨਾ ਹੁੰਦੇ ਹਨ


ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ



ਪਟਿਆਲਾ: 12 ਜੂਨ : ਸੀਨੀਅਰ ਸਿਟੀਜਨਜ਼ ਸਮਾਜਿਕ ਅਤੇ ਨੈਤਿਕ ਕਦਰਾਂ ਕੀਮਤਾਂ ਦਾ ਖ਼ਜਾਨਾ ਹੁੰਦੇ ਹਨ। ਉਨ੍ਹਾਂ ਦੇ ਇਸ ਖ਼ਜਾਨੇ ਦਾ ਨੌਜਵਾਨ ਪੀੜ੍ਹੀ ਨੂੰ ਸਦਉਪਯੋਗ ਕਰਨਾ ਚਾਹੀਦਾ ਹੈ। ਬਜ਼ੁਰਗਾਂ ਨੂੰ ਮਾਰਗ ਦਰਸ਼ਕ ਬਣਾਕੇ ਸਮਾਜ ਨੂੰ ਪ੍ਰੇਰਨਾ ਲੈਣੀ ਚਾਹੀਦੀ ਹੈ, ਕਿਉਂਕਿ ਉਨ੍ਹਾਂ ਦਾ ਜ਼ਿੰਦਗੀ ਦਾ ਵਿਸ਼ਾਲ ਤਜ਼ਰਬਾ ਹੁੰਦਾ ਹੈ। ਬਜ਼ੁਰਗਾਂ ਦੀ ਅਣਗਹਿਲੀ ਸਮਾਜ ਦੇ ਭਵਿਖ ਲਈ ਖ਼ਤਰਨਾਕ ਸਾਬਤ ਹੋ ਸਕਦੀ ਹੈ, ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜਿਲ੍ਹਾ ਲੋਕ ਸੰਪਰਕ ਵਿਭਾਗ ਪਟਿਆਲਾ ਦੇ ਸੇਵਾ ਮੁਕਤ ਮੁਲਾਜ਼ਮਾ ਦੀ ਵੈਲਫੇਅਰ ਐਸੋਸੀਏਸ਼ਨ ਵੱਲੋਂ ਆਯੋਜਤ ਮਹੀਨਾਵਰ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਅਮਰਜੀਤ ਸਿੰਘ ਵੜੈਚ ਨੇ ਕੀਤਾ। ਉਨ੍ਹਾਂ ਅੱਗੋਂ ਕਿਹਾ ਕਿ ਲੋਕ ਸੰਪਰਕ ਵਿਭਾਗ ਦੇ ਸੀਨੀਅਰ ਸਿਟੀਜਨਜ਼ ਨੂੰ ਆਪਣੇ ਤਜ਼ਰਬੇ ਦੇ ਆਧਾਰ 'ਤੇ ਖੱਟੀਆਂ ਮਿੱਠੀਆਂ ਯਾਦਾਂ ਲਿਖਣੀਆਂ ਚਾਹੀਦੀਆਂ ਹਨ, ਉਨ੍ਹਾਂ ਯਾਦਾਂ ਨੂੰ ਪੁਸਤਕ ਦਾ ਰੂਪ ਦਿੱਤਾ ਜਾਣਾ ਚਾਹੀਦਾ ਹੈ ਤਾਂ ਜੋ ਸਮਾਜ ਨੂੰ ਅਗਵਾਈ ਦਿੱਤੀ ਜਾ ਸਕੇ। ਵਿਚਾਰ ਚਰਚਾ ਤੋਂ ਬਾਅਦ ਪੁਸਤਕ ਪ੍ਰਕਾਸ਼ਤ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਮੀਟਿੰਗ ਵਿੱਚ ਨਰਾਤਾ ਸਿੰਘ ਸਿੱਧੂ, ਸ਼ਾਮ ਸੁੰਦਰ, ਵਜ਼ੀਰ ਸਿੰਘ ਅਤੇ ਉਜਾਗਰ ਸਿੰਘ ਨੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਬਜ਼ੁਰਗਾਂ ਨੂੰ ਗਰਮੀ ਅਤੇ ਲੂਅ ਤੋਂ ਬਚਣ ਲਈ ਦੁਪਹਿਰ ਦੇ ਸਮੇਂ ਘਰੋਂ ਬਾਹਰ ਨਿਕਲਣ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਖਾਣ ਪੀਣ ਦਾ ਧਿਆਨ ਰੱਖਣਾ ਜ਼ਰੂਰੀ ਹੈ। ਵਾਰ-ਵਾਰ ਪਾਣੀ ਪੀਣਾ ਚਾਹੀਦਾ ਹੈ। ਪਾਣੀ ਦੀ ਘਾਟ ਕਈ ਵਾਰ ਬਿਮਾਰੀ ਦਾ ਕਾਰਨ ਬਣਦੀ ਹੈ। ਉਨ੍ਹਾਂ ਨੂੰ ਹਰ ਰੋਜ਼ ਸੈਰ ਵੀ ਸਵੇਰੇ 7 ਵਜੇ ਤੋਂ ਪਹਿਲਾਂ ਅਤੇ ਸ਼ਾਮ ਨੂੰ 7 ਵਜੇ ਤੋਂ ਬਾਅਦ ਹੀ ਕਰਨੀ ਚਾਹੀਦੀ ਹੈ। ਨਿੰਬੂ ਪਾਣੀ ਦੀ ਵਰਤੋਂ ਵਧੇਰੇ ਕਰਨੀ ਚਾਹੀਦੀ ਹੈ। ਮੀਟਿੰਗ ਵਿੱਚ ਸੁਰਜੀਤ ਸਿੰਘ ਸੈਣੀ ਪ੍ਰਧਾਨ ਐਸੋਸੀਏਸ਼ਨ, ਕੁਲਜੀਤ ਸਿੰਘ, ਅਸ਼ੋਕ ਕੁਮਾਰ ਸ਼ਰਮਾ, ਪਰਮਜੀਤ ਕੌਰ ਸੋਢੀ, ਸ਼ਾਮ ਸੁੰਦਰ, ਨਰਾਤਾ ਸਿੰਘ ਸਿੱਧੂ, ਨਵਲ ਕਿਸ਼ੋਰ, ਪਰਮਜੀਤ ਸਿੰਘ ਸੇਠੀ, ਗੁਰਪ੍ਰਤਾਪ ਸਿੰਘ ਜੀ.ਪੀ., ਬਿਮਲ ਕੁਮਾਰ ਚਕੋਤਰਾ, ਵਜ਼ੀਰ ਸਿੰਘ ਅਤੇ ਜੀ.ਆਰ.ਕੁਮਰਾ ਸ਼ਾਮਲ ਹੋਏ। ਇਸ ਮੌਕੇ 'ਤੇ ਵਜ਼ੀਰ ਸਿੰਘ ਅਤੇ ਉਜਾਗਰ ਸਿੰਘ ਦੇ ਜਨਮ ਦਿਨ ਕੇਕ ਕੱਟਕੇ ਮਨਾਏ ਗਏ। ਮੀਟਿੰਗ ਦੇ ਪ੍ਰਧਾਨ ਅਮਰਜੀਤ ਸਿੰਘ ਵੜੈਚ ਅਤੇ ਸਮੂਹ ਮੈਂਬਰਾਂ ਵੱਲੋਂ ਚੰਗੀ ਸਿਹਤ ਤੇ ਲੰਬੀ ਉਮਰ ਲਈ ਸ਼ੁਭ ਕਾਮਨਾਵਾਂ ਦਿੱਤੀਆਂ ਗਈਆਂ। ਸਰਬਜੀਤ ਕੌਰ ਦੀ ਮਾਤਾ ਸਰਦਾਰਨੀ ਜੋਗਿੰਦਰ ਕੌਰ ਸੋਢੀ ਦੀ ਯਾਦ ਵਿੱਚ ਦੋ ਮਿੰਟ ਦਾ ਮੋਨ ਧਾਰਿਆ ਗਿਆ। ਤਸਵੀਰ: ਐਸੋਸੀਏਸ਼ਨ ਦੇ ਅਹੁਦੇਦਾਰ ਅਤੇ ਮੈਂਬਰ।

## ਦਲਿਤ ਸਮਾਜ ਦੇ ਵੋਟ ਬੈਂਕ ਨੂੰ ਸਿਆਸੀ ਪਾਰਟੀਆਂ ਨੇ ਵਰਤਿਆ : ਬਸੰਤ ਕੁਮਾਰ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 12 ਜੂਨ : ਬਹੁਜਨ ਸਮਾਜ ਪਾਰਟੀ ਦੇ ਵਰਕਰਾਂ ਦੀ ਇਕ ਵਿਸ਼ੇਸ਼ ਇਕੱਤਰਤਾ ਜ਼ਿਲ੍ਹਾ ਪ੍ਰਧਾਨ ਗੁਰਜੰਟ ਸਿੰਘ ਸਿਰਸੜੀ ਦੀ ਪ੍ਰਧਾਨਗੀ ਹੇਠ ਸ਼ਹੀਦੀ ਸਮਾਰਕ ਕੋਟਕਪੂਰਾ ਵਿਖੇ ਹੋਈ। ਪਾਰਟੀ ਦੀਆਂ ਗਤੀਵਿਧੀਆਂ ਦੀ ਸਮੀਖਿਆ ਕਰਨ ਸਬੰਧੀ ਰੱਖੀ ਗਈ ਇਸ ਇਕੱਤਰਤਾ 'ਚ ਬਸਪਾ ਪੰਜਾਬ ਅਤੇ ਚੰਡੀਗੜ੍ਹ ਦੇ ਇੰਚਾਰਜ ਵਿਪਲ ਕੁਮਾਰ ਅਤੇ ਪੰਜਾਬ ਦੇ ਜਨਰਲ ਸਕੱਤਰ ਗੁਰਬਖ਼ਸ਼ ਸਿੰਘ ਚੌਹਾਨ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਆਪਣੇ ਸੰਬੋਧਨ 'ਚ ਉਨ੍ਹਾਂ ਵਰਕਰਾਂ ਨੂੰ ਪਾਰਟੀ ਦੀਆਂ ਗਤੀਵਿਧੀਆਂ ਵਧਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਨੇ ਦਲਿਤ ਸਮਾਜ ਦੇ ਲੋਕਾਂ ਨੂੰ ਕੇਵਲ ਵੋਟ ਬੈਂਕ ਵਜੋਂ ਵਰਤਿਆ ਹੈ ਅਤੇ ਕਦੇ ਵੀ ਉਨ੍ਹਾ ਦਾ ਜੀਵਨ ਪੱਧਰ ਉਚਾ ਚੁੱਕਣ ਦਾ ਕੋਈ ਸਾਰਥਿਕ ਯਤਨ ਨਹੀਂ ਕੀਤਾ, ਜਿਸ ਕਾਰਨ ਅੱਜ ਦਲਿਤ ਸਮਾਜ ਦੇ ਲੋਕਾਂ ਦੀ ਆਰਥਿਕ ਦਸ਼ਾ ਤਰਸਯੋਗ ਬਣੀ ਹੋਈ ਹੈ। ਆਗੂਆਂ ਨੇ ਵਰਕਰਾਂ ਅਤੇ ਆਮ ਵੋਟਰਾਂ ਨੂੰ ਬਸਪਾ ਦੇ ਝੰਡੇ ਹੇਠ ਇਕੱਤਰ ਹੋਣ ਦਾ ਸੱਦਾ ਦਿੱਤਾ। ਮੀਟਿੰਗ ਨੂੰ ਬਲਵੀਰ ਸਿੰਘ ਬਾਹੀਆ, ਗੋਬਿੰਦ ਸਿੰਘ ਪਿਪਲੀ, ਬਾਬਾ ਫੂਲਾ ਸਿੰਘ ਪਿਪਲੀ, ਸੇਵਕ ਸਿੰਘ ਪਿਪਲੀ, ਵੀਰ ਸਿੰਘ ਕੋਟਕਪੂਰਾ, ਭੁਪਿੰਦਰ ਸਿੰਘ ਡੀ.ਐਸ.ਪੀ ਨੇ ਵੀ ਸੰਬੋਧਨ ਕੀਤਾ। ਸਟੇਜ ਸੰਚਾਲਕ ਬਸੰਤ ਕੁਮਾਰ ਪਰਜਾਪਤ ਮੁਤਾਬਿਕ ਮੀਟਿੰਗ ਵਿੱਚ ਲਖਵੀਰ ਸਿੰਘ ਵਾੜਾਦਰਾਕਾ, ਨਿਰਮਲ ਸਿੰਘ ਸਰਾਵਾਂ, ਸੁਰਜੀਤ ਸਿੰਘ, ਮਿੱਠੂ ਸਿੰਘ, ਡਾ.ਜਸਵੰਤ ਸਿੰਘ, ਮੰਗਾ ਸਿੰਘ, ਕੌਰਾ ਸਿੰਘ, ਹੈਪੀ ਸਿੰਘ, ਗੁਰਟੇਕ ਸਿੰਘ, ਅਜੈਬ ਸਿੰਘ, ਪੱਪੀ ਸਿੰਘ ਫ਼ਰੀਦਕੋਟ, ਮਹਿੰਦਰ ਸਿੰਘ ਬਾਜਾਖਾਨਾ, ਹੁਕਮ ਚੰਦ ਜੈਤੋ ਆਦਿ ਵੀ ਹਾਜ਼ਰ ਸਨ।

## ਅਸੀਂ ਗਰੀਬ ਕਿਉਂ ਹੋ ਰਹੇ ਹਾਂ

ਵਰਲਡ ਪੰਜਾਬੀ ਟਾਈਮਜ਼
ਮੰਗਤ ਸਿੰਘ ਲੌਂਗੋਵਾਲ

ਇੱਕ ਭਾਰੀ ਚਿੰਤਾ ਦਾ ਵਿਸ਼ਾ ਹੈ ਆਪਣਾ ਪੱਛਮੀ ਮੁਲਕਾਂ ਦੇ ਮੁਕਾਬਲੇ ਹਰ ਪੱਖੋਂ ਪਿੱਛੜ ਜਾਣਾ। ਪੱਛਮੀ ਮੁਲਕਾਂ ਵਿੱਚ ਧਰਮ ਦਾ ਬੋਲਬਾਲਾ ਲਗਭਗ ਮਨਫੀ ਹੁੰਦਾ ਜਾਂਦਾ ਹੈ ਤੇ ਉਥੇ ਹੀ ਭਾਰਤ ਵਿੱਚ ਹਰ ਪਾਸੇ ਧਰਮ ਦਾ ਬੋਲਬਾਲਾ ਹੈ। ਪਰ ਫਿਰ ਵੀ ਸਦੀਆਂ ਤੋਂ ਇਸ ਮੁਲਕ ਦੀ ਗਰੀਬੀ ਜਿਉਂ ਦੀ ਤਿਉਂ ਬਣੀ ਹੋਈ ਹੈ । ਵੱਧ ਰਹੇ ਸਾਧਨ ਤੇ ਵਿਕਾਸ ਦੀ ਬਨਿਸਬਤ ਇੱਥੇ ਗਰੀਬੀ ਬੇਰੁਜ਼ਗਾਰੀ ਅਤੇ ਦੁੱਖ ਵੱਧਦੇ ਹੀ ਜਾਂਦੇ ਹਨ ਘਟਣ ਦਾ ਨਾਮ ਹੀ ਨਹੀਂ ਲੈਂਦੇ । ਜਦੋਂ ਕਿ ਪੱਛਮੀ ਲੋਕ ਰੱਬ ਵਿੱਚ ਵਿਸ਼ਵਾਸ ਨਾ ਰੱਖ ਕੇ ਵੀ ਸਾਡੇ ਮੁਲਕ ਤੋਂ ਹਰ ਪੱਖੋਂ ਕਈ ਗੁਣਾ ਵੱਧ ਤਾਕਤਵਰ ਤੇ ਵਿਕਾਸਸ਼ੀਲ ਬਣੇ ਹਨ। ਭਾਰਤ ਦੇ ਲੋਕ ਗਰੀਬੀ ਨਾਲ ਜੂਝਦੇ ਹੋਏ ਰੋਜ਼ਮਰਾ ਦੀ ਜ਼ਿੰਦਗੀ ਵਿੱਚ ਆਉਣ ਵਾਲੇ ਨਿੱਕੇ ਨਿੱਕੇ ਦੁੱਖਾਂ ਤੋਂ ਹੀ ਛੁਟਕਾਰਾ ਨਹੀ ਪਾ ਰਹੇ। ਲੋਕਾਂ ਨੂੰ ਆਪਣੀਆਂ ਨਿੱਕੀਆਂ ਨਿੱਕੀਆਂ ਲੋੜਾਂ ਦੀ ਪੂਰਤੀ ਲਈ ਵੀ ਬਹੁਤ ਸਾਰਾ ਸੰਘਰਸ਼ ਕਰਨਾ ਪੈ ਰਿਹਾ ਹੈ। ਜਿੱਥੇ ਲੋਕਾਂ ਨੂੰ ਦੋ ਵਕਤ ਦੀ ਰੋਟੀ ਲਈ ਵੀ ਸੰਘਰਸ਼ ਕਰਨਾ ਪੈ ਰਿਹਾ ਹੋਵੇ। ਅਮੀਰ ਲੋਕਾਂ ਦੇ ਮੁਕਾਬਲੇ ਗਰੀਬ ਲੋਕਾਂ ਦੀ ਜ਼ਿੰਦਗੀ ਜੇ ਨਰਕ ਨਹੀ ਤਾ ਨਰਕ ਤੋਂ ਘੱਟ ਵੀ ਨਹੀਂ। ਅਜਿਹੀ ਜਗ੍ਹਾ ਤੇ ਵਿਕਾਸ ਅਤੇ ਸੁਚੱਜੇ ਸਮਾਜ ਦੀ ਆਸ ਕਿਵੇਂ ਰੱਖ ਸਕਦੇ ਹਾਂ! ਜਿੱਥੇ ਅਮੀਰ ਗਰੀਬ ਦਾ ਪਾੜਾ ਨਾ ਭਰਿਆ ਜਾ



ਰਿਹਾ ਹੋਵੇ। ਸੋ ਭਾਰਤ ਦੇ ਲੋਕਾਂ ਦੇ ਗਰੀਬ ਅਤੇ ਦੁਖੀ ਹੋਣ ਦੇ ਬਹੁਤ ਸਾਰੇ ਕਾਰਨਾਂ ਵਿੱਚੋਂ ਮੁੱਖ ਇਹ ਹਨ।

ਅਗਿਆਨਤਾ :-
ਗਿਆਨਹੀਣ ਜੀਵ ਆਪਣੇ ਜੀਵਨ ਉਦੇਸ਼ ਨੂੰ ਭੁੱਲ ਕੇ ਨਿੱਜੀ ਹਿੱਤਾਂ ਲਈ ਜੀਉਂਦੇ ਹੋਏ ਸਮਾਂ ਟਪਾ ਰਹੇ ਹਨ। ਉਹਨਾਂ ਨੂੰ ਇਸ ਗੱਲ ਦਾ ਇਲਮ ਨਹੀਂ ਹੁੰਦਾ ਕਿ ਉਹ ਕਦੋਂ ? ਕਿਸ ਤਰ੍ਹਾਂ? ਕਿਸ ਲਈ ਵਰਤੇ ਜਾ ਰਹੇ ਹਨ । ਉਹਨਾ ਨੂੰ ਹਾਕਮ ਜਾਂ ਤਾਕਤਵਰ ਧਿਰ ਕਦੋਂ ਕਿੱਥੇ ਅਤੇ ਕਿਸ ਕੰਮ ਲਈ ਵਰਤ ਗਈ ਹੈ । ਉਹਨਾ ਨੂੰ ਇਸ ਦਾ ਗਿਆਨ ਨਹੀਂ ਹੁੰਦਾ। ਗਿਆਨਹੀਨ ਲੋਕਾਂ ਨੂੰ ਚਾਰ ਅੱਖਰਾਂ ਦਾ ਗਿਆਤਾ ਕਿਵੇਂ ਵੀ ਵਰਤ ਜਾਦਾ ਹੈ ।ਉਹ ਕਿਸੇ ਵੀ ਵਾਕ ਦੇ ਮਨੋਰਥ ਨੂੰ ਜਾਣੇ ਬਿਨਾਂ ਹੀ ਉਸਨੂੰ ਇਨ ਬਿਨ ਮੰਨਣ ਅਤੇ ਅਪਣਾਉਣ ਵਿੱਚ ਕੋਈ ਹਿਚਕਚਾਹਟ ਨਹੀਂ ਕਰਦੇ। ਦੋ ਚਾਰ ਭਾਰੀ ਗੱਲਾਂ ਕਰਕੇ ਹਾਕਮ ਉਸ ਨੂੰ ਵਰਤ ਕੇ ਆਪਣਾ ਕੰਮ ਕਰਵਾ ਲੈਂਦਾ ਹੈ ਉਹ ਸਾਰੀ ਜ਼ਿੰਦਗੀ ਅਗਿਆਨਤਾ ਵੱਸ ਜਾਂ ਆਪਣੀ ਮਜਬੂਰੀ ਬਸ ਆਪ ਤਸੀਹੇ ਤੇ ਦੁੱਖ ਝੱਲ ਕੇ ਗਰੀਬੀ ਵਿੱਚ ਹੀ ਚਲਾ ਜਾਂਦਾ ਹੈ। ਇਹ ਤਰੀਕਾ ਵਰਤ ਕੇ ਹਾਕਮ ਦਿਨੋ ਦਿਨ ਹੋਰ ਅਮੀਰ ਹੋ ਰਹੇ ਹਨ ਜਦਕਿ ਗਰੀਬ ਆਪਣਾ ਉਦੇਸ਼ ਤੇ ਮਨੋਰਥ ਭੁੱਲ ਕੇ ਦਿਨੋ ਦਿਨ ਗਰੀਬ ਤੇ ਦੁਖੀ ਹੁੰਦੇ ਜਾਂਦੇ ਹਨ।

ਪੁਜਾਰੀਵਾਦ :-
ਇਹ ਵੀ ਭਾਰਤੀ ਲੋਕਾਂ ਦੀ ਗਰੀਬੀ ਅਤੇ ਦੁੱਖ ਦਾ ਇੱਕ ਵੱਡਾ ਕਾਰਨ ਹੈ। ਪਾਖੰਡੀ ਪੁਜਾਰੀਆਂ, ਡੇਰੇਦਾਰਾਂ ਦੀ ਗਿਣਤੀ ਵਿੱਚ ਲਗਾਤਾਰ ਹੋ ਰਿਹਾ ਵਾਧਾ ਲੋਕਾਂ ਦੇ ਦੁੱਖ ਤੇ ਗਰੀਬੀ ਦਾ ਕਾਰਨ ਹੈ। ਲੋਕ ਆਪਣੇ ਦੁੱਖਾਂ ਦਾ ਕਾਰਨ ਲੱਭਣ ਦੀ ਬਜਾਏ ਉਨ੍ਹਾਂ ਦਾ ਆਸ਼ੀਰਵਾਦ ਲੈਣ ਵਿੱਚ ਭਲਾ ਸਮਝਣ ਲੱਗ ਪਏ ਹਨ ।ਅਸਲੋਂ ਜੇ ਧਰਮ ਦੀ ਕਮਾਈ ਕਰਨ ,ਤਾਂ ਲੋਕ ਆਪਣੇ ਦੁੱਖਾਂ ਕਰਕੇ ਦੁਖੀ ਨਾ ਹੋਣ ਉਹ ਹਰ ਕੰਮ ਸਾਰਥਕ ਢੰਗ ਨਾਲ ਸੋਚ ਸਮਝ ਕੇ ਕਰਨ। ਜਿਵੇਂ ਪੁਜਾਰੀਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਉਵੇਂ ਹਰੇਕ ਪਿੰਡ ਦੇ ਹਰ ਕੋਨੇ ਵਿੱਚ ਦਸਾਂ ਘਰਾਂ ਤੋਂ ਬਾਅਦ ਹਰ ਮੋੜ ਤੇ ਕੋਈ ਨਾ ਕੋਈ ਪਖੰਡ ਦੀ ਜਗ੍ਹਾ ਵੇਖਣ ਨੂੰ ਮਿਲ ਜਾਵੇਗੀ। ਜਿੱਥੇ ਕਿਸੇ ਨਾ ਕਿਸੇ ਭੇਖ ਦੇ ਵਿੱਚ ਕੋਈ ਨਾ ਕੋਈ ਪਾਖੰਡੀ ਬੈਠਾ ਨਜ਼ਰ ਆਵੇਗਾ ਜੋ ਲੋਕਾਂ ਨੂੰ ਆਤਮ ਨਿਰਭਰ ਚੰਗੇ ਗੁਣਾਂ ਦਾ ਧਾਰਨੀ ਬਣਾਉਣ ਦੀ ਬਜਾਏ ਉਹਨਾਂ ਨੂੰ ਪਖੰਡ, ਭਰਮ ਭੁਲੇਖਾ ਸ਼ੰਕਾ ,ਦੁਵਿਧਾਵਾਂ ਵਿੱਚ ਪਾ ਕੇ , ਡਰਾ ਕੇ, ਹਰ ਪੱਖੋਂ ਲੁੱਟ ਕੇ ਆਪਣੇ ਖਜ਼ਾਨੇ ਭਰਨ ਦੀ ਮਨਸ਼ਾ ਰੱਖਦਾ ਹੈ।ਧਰਮ ਦੀ ਸਹੀ ਪਰਿਭਾਸ਼ਾ ਸਮਝ ਕੇ ਧਰਮ ਕਮਾਉਣ ਦੀ ਬਜਾਏ, ਲੋਕ ਨਿਰਾਪੁਰਾ ਪੁਜਾਰੀਵਾਦ ਦੇ ਜਾਲ ਵਿੱਚ ਫਸ ਕੇ ਵੱਡੀ ਗਿਣਤੀ ਦੇ ਵਿੱਚ ਆਪਣਾ ਪੈਸਾ, ਸਮਾਂ, ਜ਼ਿੰਦਗੀ ਵਿਅਰਥ ਗਵਾ ਰਹੇ ਹਨ । ਇੱਕ ਉਲਝਣ ਵਿੱਚੋਂ ਨਿਕਲਣ ਲਈ ਜਾਂਦੇ ਹਨ ਤੇ ਹੋਰ ਅਨੇਕਾਂ ਉਲਝਣਾ ਤੇ ਸ਼ੰਕਿਆਂ ਵਿੱਚ ਫਸ ਕੇ ਆ ਜਾਂਦੇ ਹਨ। ਜਿਸ ਤਰ੍ਹਾਂ ਜ਼ਿੰਦਗੀ ਦੀ ਤਾਣੀ ਹੋਰ ਉਲਝ ਜਾਂਦੀ ਹੈ ।ਜਿਸ ਨਾਲ ਪੈਸਾ ਤੇ ਸਮਾਂ ਦੋਨੋਂ ਬਰਬਾਦ ਹੁੰਦੇ ਹਨ । ਇਸ ਕਾਰਨ ਅੱਜ ਮਨੁੱਖ ਨੂੰ ਅਨੇਕਾਂ ਮਾਨਸਿਕ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸੇ ਕਰਕੇ ਵਿਕਾਸਸ਼ੀਲ ਸਮਾਜ ਦੀ ਸੋਚਣ ਸ਼ਕਤੀ ਕਮਜ਼ੋਰ ਤੇ ਖਤਮ ਹੋ ਰਹੀ ਹੈ ਜੋ ਲਗਾਤਾਰ ਬੇਰੁਜ਼ਗਾਰੀ ਤੇ ਗਰੀਬੀ ਦਾ ਕਾਰਨ ਬਣਦੀ ਜਾ ਰਹੀ ਹੈ। ਜਿੰਨੇ ਗੁਰੂ ਡੰਮ ਬਣਦੇ ਹਨ ਉਹਨਾਂ ਵਿੱਚ ਥਾਂ ਥਾਂ ਤੇ ਦਾਨ ਪਾਤਰ ਗੋਲਕ ਲਾਈ ਜਾਂਦੀ ਹੈ। ਜਿਨਾਂ ਉੱਤੇ ਲਿਖੇ ਸ਼ਬਦ ਬੰਦੇ ਨੂੰ ਇਹ ਯਾਦ ਦਵਾਉਂਦੇ ਹਨ ਕਿ ਇਸ ਬਖਸ਼ੇ ਵਿੱਚ ਪੈਸੇ ਪਾਓ। ਉਹ ਸ਼ਬਦ ਮੋਟੇ ਅੱਖਰਾਂ ਵਿਚ ਲਿਖਣ ਦੇ ਨਾਲ ਨਾਲ ਆਕਰਸ਼ਿਤ ਤਰੀਕੇ ਤੇ ਸੱਭਿਅਕ ਭਾਸ਼ਾ ਵਿੱਚ ਲਿਖੇ ਜਾਂਦੇ ਹਨ ਤਾਂ ਕਿ ਹਰ ਇੱਕ ਬੰਦਾ ਦੂਰੋਂ ਹੀ ਆਪਣਾ ਪਰਸ ਖੋਲ ਕੇ ਪੈਸੇ ਕੱਢ ਲਵੇ। ਉਹ ਥਾਂ ਥਾਂ ਤੇ ਲਾਏ ਦਾਨ ਪਾਤਰ ਅਤੇ ਬਾਰ-ਬਾਰ ਹਰ ਥਾਂ ਲਿਖਿਆ, ਹਰ ਇੱਕ ਵਿਅਕਤੀ ਵਿਸ਼ੇਸ਼ ਨੂੰ ਇਹ ਯਾਦ ਦਵਾਉਂਦਾ ਹੈ ਕਿ ਪੈਸੇ ਪੌਣੇ ਭੁੱਲਣੇ ਨਹੀਂ ਹਰ ਪੜ੍ਹਿਆ ਅਨਪੜ੍ਹਿਆ ਵਿਅਕਤੀ ਪੈਸੇ ਪਾਏ ਬਿਨਾ ਨਹੀ ਰਹਿੰਦਾ। ਉਹ ਸਾਰਾ ਪੈਸਾ ਪੁਜਾਰੀਆਂ ਕੋਲ ਜਾਂਦਾ ਹੈ ਜਿਸ ਨੂੰ ਕਿਸੇ ਲੋਕ ਭਲਾਈ ਦੇ ਕਾਰਜ ਤੇ ਨਾ ਖਰਚਕੇ ਉਹ ਸਿਰਫ ਨਿੱਜੀ ਹਿੱਤਾਂ ਅਤੇ ਭੋਗਾਂ ਲਈ ਵਰਤਦੇ ਹਨ। ਪੁਜਾਰੀ ਦੇ ਇਸ ਤਰੀਕੇ ਨੇ ਸਾਡੇ ਦਿਮਾਗ ਤੇ ਇਨਾ ਅਸਰ ਪਾਇਆ ਹੈ ਕਿ ਅਸੀਂ ਚਾਹ ਕੇ ਵੀ ਪੈਸਾ ਦਾਨ ਪਾਤਰ ਚ ਪਾਏ ਬਿਨਾਂ ਨਹੀਂ ਰਹਿੰਦੇ। 'ਦਾਨ ਪਾਤਰ' 'ਮਾਇਆ ਗੋਲਕ ਵਿੱਚ ਪਾਉ ਜੀ', ਲਿਖੀ ਹੋਈ ਗੱਲ ਨੂੰ ਅਸੀ ਆਪਣੇ ਧੁਰ ਅੰਦਰ ਚੇਤਨ ਵਿੱਚ ਲਿਖ ਬੈਠੇ ਹਾਂ। ਇਹਨਾਂ ਵਿੱਚ ਪਾਏ ਹੋਏ ਪੈਸਿਆਂ ਨਾਲ ਅਸੀ ਪੁਜਾਰੀਆਂ ਨੂੰ ਅਮੀਰ ਬਣਾਉਂਦੇ ਹਾ ਅਤੇ ਦੂਸਰੇ ਪਾਸੇ ਬਾਹਰ ਬੈਠੇ ਭਿਖਾਰੀਆਂ ਨੂੰ ਪੈਸੇ ਦੇ ਕੇ ਦੇਸ਼ ਵਿੱਚ ਬੇਰੁਜ਼ਗਾਰੀ ਤੇ ਕੰਗਾਲਤਾਂ ਨੂੰ ਵਧਾਉਣ ਵਿੱਚ ਪੂਰਾ ਯੋਗਦਾਨ ਪਾਉਂਦੇ ਹਾਂ।
ਚਲਦਾ

## ਹਾਰਨਾ ਸਿਖਿਆ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ

ਭਲਾਈ ਵਾਸਤੇ ਆਪਾਂ ਨੇ ਜਿੱਤ ਕੇ ਹਾਰਨਾ ਸਿਖਿਆ।
ਛਲਕਦੇ ਪਾਣੀਆਂ 'ਚੋਂ ਬੇੜੀਆਂ ਨੂੰ ਤਾਰਨਾ ਸਿਖਿਆ।

ਅਕਲ ਨੂੰ ਕਿਸ ਤਰ੍ਹਾਂ ਹੈ ਵਰਤਨਾ ਇਹ ਢੰਗ ਔਖਾ ਹੈ,
ਸਿਰਫ਼ ਇਕ ਤੀਰ ਨਾਲ ਦੋ-ਦੋ ਨਿਸ਼ਾਨੇ ਮਾਰਨਾ ਸਿਖਿਆ।

ਅਸਾਡੇ ਸਿਦਕ ਤੇ ਸੰਤੋਖ ਵਿਚ ਤਾਂ ਹੀ ਬੁਲੰਦੀ ਹੈ,
ਮੁਸੀਬਤ ਵਿਚ ਕਿਸੇ ਦੇ ਕੰਮ 'ਚ ਆਪਾ ਵਾਰਨਾ ਸਿਖਿਆ।

ਹਜ਼ਾਰਾਂ ਫੁੱਲ ਜ਼ਰੂਰਤ ਦੇ ਮੁਤਾਬਿਕ ਪੈਦਾ ਕੀਤੇ ਨੇ,
ਸਮੇਂ ਨੂੰ ਬੰਨ ਕੇ ਗੁਲਦਾਨ ਵਿਚ ਉਤਾਰਨਾ ਸਿਖਿਆ।

ਇਸੇ ਕਰਕੇ ਮੇਰੀ ਆਦਤ 'ਚ ਹਾਸੇ ਪੈਲਾਂ ਪਾਉਂਦੇ ਨੇ,
ਨਾ ਹੀ ਧੋਖਾ ਹੈ ਸਿਖਿਆ ਨਾ ਕਿਸੇ ਨੂੰ ਚਾਰਨਾ ਸਿਖਿਆ।

ਨਦੀ ਦੇ ਵਹਿਣ ਨੂੰ ਇਕਸਾਰਤਾ ਦੀ ਹੋਂਦ ਮਿਲਦੀ ਹੈ,
ਸਰਦ ਰੁੱਤ ਵਿਚ ਹੀ ਪਰਬਤ ਨੇ ਹੈ ਖੁਦ ਨੂੰ ਠਾਰਨਾ ਸਿਖਿਆ।

ਨਿਯਮ ਦੇ ਪਾਰਦਰਸ਼ੀ ਆਬਗੀਨੇ ਤੋੜੇ ਨੇ ਆਪਾਂ,
ਮੁਕੰਮਲ ਕੰਮ ਕੀਤੇ ਨੇ ਕਦੀ ਨਾ ਸਾਰਨਾ ਸਿਖਿਆ।

ਕਦੀ ਡਰਪੋਕ ਮੋਰੀ 'ਚੋਂ ਨਹੀਂ ਹੈ ਝਾਕਿਆ ਕਿਧਰੇ,
ਬੁਰੇ ਵਕਤਾਂ ਦੇ ਹਾਕਿਮ ਨੂੰ ਸਦਾ ਲਲਕਾਰਨਾ ਸਿਖਿਆ।

ਮੁਕਾਬਲ ਦੀ ਸਦਾ ਜ਼ੁਰਰਤ ਕਲੇਜੇ ਨਾਲ ਲਾਈ ਹੈ,
ਚੜ੍ਹੇ ਤੂਫ਼ਾਨ ਦੀ ਸੀਮਾਂ ਨੂੰ ਵੀਂ ਵੰਗਾਰਨਾ ਸਿਖਿਆ।

ਉਹ ਦੀ ਫ਼ਿਤਰਤ 'ਚ ਰਿਸ਼ਵਤਖੋਰੀਆਂ ਦੀ ਇਕ ਚਲਾਕੀ ਹੈ,
ਕਿਸੇ ਨੂੰ ਡੋਬਣਾ ਸਿਖਿਆ ਕਿਸੇ ਨੂੰ ਤਾਰਨਾ ਸਿਖਿਆ।

ਕਿ ਐਵੇਂ ਗ਼ਜ਼ਲ ਵਿਚ ਬਾਲਮ ਜੜੇ ਜਾਂਦੇ ਨਗੀਨੇ ਨਾ,
ਮਹਿਲ ਬੁੱਧੀ ਦਾ ਚੇਤਨ ਹਿਰਦੇ 'ਚੋਂ ਉਸਾਰਨਾ ਸਿਖਿਆ।

## ਸਾਉਣ

ਸਾਉਣ ਆਉਣ ਦੀ ਉਡੀਕ ਵੇ ਵੀਰਾ
ਉਂਝ ਤਾਂ ਹੈ ਹੀ ਸਾਰਿਆਂ ਨੂੰ ਰਹਿੰਦੀ।



ਤਿੱਪ ਤਿੱਪ ਬਰਸਦਾ ਪਾਣੀ ਕਦੇ ਕਦੇ
ਕਦੇ ਕਦੇ ਹਲਕੀ ਭੂਰ ਜਿਹੀ ਪੈਂਦੀ।

ਸਹੁਰੇ ਉਡੀਕਣ ਕੁੜੀਆਂ ਜਦੋਂ ਚੜ੍ਹਜੇ
ਪੰਡਤਾਂ ਦੇ ਭੱਠ ਮੂਹਰੇ ਬੀਜੀ ਬਹਿੰਦੀ।

ਬੋਲਦਾ ਸੀ ਕਾਂ ਬਨੇਰੇ ਤੇ ਕੱਲ ਸ਼ਾਮੀ
ਪੈਰੀਂ ਜੁੱਤੀ ਨਾ ਪਾਵਾਂ ਲਾਈ ਮਹਿੰਦੀ।

ਅਕਾਸ਼ ਕਾਲੇ ਬੱਦਲ,ਘਟਾ ਕਾਲੀਆ
ਚੜ ਆਈਆਂ ਪਾਪਾ, ਨੂਰ ਕਹਿੰਦੀ।

ਸੁਖੀ ਵਸਣ ਜੀ ਕੁੜੀਆਂ ਚਿੱੜੀਆਂ
ਸਾਉਣ ਚ ਪੇਕਿਆਂ ਤੋਂ ਆਸ ਹੁੰਦੀ।

ਸਾਉਣ ਆਉਣ ਦੀ ਉਡੀਕ ਵੇ ਵੀਰਾ
ਉਂਝ ਤਾਂ ਹੈ ਹੀ ਸਾਰਿਆਂ ਨੂੰ ਰਹਿੰਦੀ।

ਵਰਲਡ ਪੰਜਾਬੀ ਟਾਈਮਜ਼
ਡਾ ਜਸਵੀਰ ਸਿੰਘ ਗਰੇਵਾਲ

## "ਮੈਨੂੰ ਤਰਕ ਚਾਹੀਦਾ ਏ"




ਮੈਨੂੰ ਰਾਹ ਦੱਸਣ ਵਾਲਾ ਦੀਵਾ ਨਹੀਂ,
ਮੈਨੂੰ ਚਾਨਣ ਬਣਾਉਣ ਵਾਲੀ ਸੋਚ ਚਾਹੀਦੀ ਏ।
ਮੈਨੂੰ ਅੰਧ ਵਿਸ਼ਵਾਸਾਂ ਦੀ ਬਾਂਹ ਨਹੀਂ,
ਮੈਨੂੰ ਤੱਥਾਂ ਦੀ ਬੁਨਿਆਦ ਚਾਹੀਦੀ ਏ।

ਵਰਲਡ ਪੰਜਾਬੀ ਟਾਈਮਜ਼
ਮੰਜੂ ਰਾਇਕਾ

ਸਿੱਖਿਆ ਤਾਂ ਸਭ ਹੀ ਸਿੱਖਦੇ ਨੇ,
ਪਰ ਕੀ ਹਰ ਕੋਈ ਸਵਾਲ ਕਰ ਸਕਦਾ ਏ?
ਮੈਂ ਪੁੱਛਣਾ ਚਾਹੁੰਦੀ ਹਾਂ,
ਕਿਉਂ? ਕਿਵੇਂ? ਕਦੋਂ? ਕਿਹੜਾ ਸੱਚ?

ਮੈਨੂੰ ਓਹ ਸੱਚ ਨਹੀਂ ਚਾਹੀਦਾ,
ਜੋ ਦਹਾਕਿਆਂ ਤੋਂ ਰੱਟਿਆ ਗਿਆ ਹੋਵੇ।
ਮੈਨੂੰ ਓਹ ਸੱਚ ਚਾਹੀਦਾ ਏ,
ਜੋ ਤਰਕ ਦੀ ਅੱਗ ਵਿਚ ਰੱੜ ਕੇ ਨਿਖਰਿਆ ਹੋਵੇ।

ਰੱਬ ਹੋਵੇ, ਰੀਤ ਹੋਵੇ ਜਾਂ ਰਿਵਾਜ,
ਜੇ ਉਹ ਤਰਕ ਨਹੀਂ ਝੱਲਦੇ,
ਤਾਂ ਉਹ ਮੇਰੇ ਲਈ ਸਿਰਫ਼ ਕਹਾਣੀਆਂ ਹਨ।
ਸੁਣਨ ਯੋਗ, ਪਰ ਮੰਨਣ ਯੋਗ ਨਹੀਂ।

ਮੈਂ ਢੌਂਗੀ ਦਰਵਾਜ਼ਿਆਂ ਦੇ ਅੰਦਰ,
ਸੱਚ ਦੀ ਚੀਕ ਸੁਣੀ ਏ
ਤੇ ਇਸ ਵਾਰ ਮੈਂ ਓਸੇ ਸੱਚ ਨੂੰ,
ਆਜ਼ਾਦ ਕਰਾਉਣਾ ਚਾਹੁੰਦੀ ਹਾਂ।

ਮੈਨੂੰ ਇਮਾਨਦਾਰੀ ਚਾਹੀਦੀ ਏ
ਪਰ ਤਰਕ ਵਾਲੀ।
ਮੈਨੂੰ ਆਸਥਾ ਚਾਹੀਦੀ ਏ
ਪਰ ਜਾਂਚੀ ਹੋਈ।
ਮੈਨੂੰ ਜੀਵਨ ਚਾਹੀਦਾ ਏ ਅਜਿਹਾ,
ਪਰ ਖੁਦ ਦੀ ਸੋਚ ਵਾਲਾ।

## || ਹਰ ਇੱਕ ਮੁੰਡਾ ਗਲਤ ਨਹੀਂ ਹੁੰਦਾ ||

ਹਰ ਇੱਕ ਮੁੰਡਾ ਗਲਤ ਨਹੀਂ ਹੁੰਦਾ।

ਪਤਾ ਨਹੀਂ ਕਿਉਂ ਨਾ ਸਮਝੇ ਏ ਦੂਨੀਆਂ।।

ਸਹੁਰੇ ਘਰ ਦਾ ਭੇਤ ਮਾਪਿਆਂ ਕੰਨੀਂ ਪਾ ਕੇ,

ਮਾਂ ਪਿਉ ਕੋਲੋ ਦਖ਼ਲ ਅੰਦਾਜ਼ੀ ਕਰਵਾ ਕੇ,

ਸਹੁਰੇ ਘਰ ਚ ਕਲੇਸ਼ ਪਵਾਉਣ ਕੁੱਝ ਕੁੜੀਆਂ।

ਹਰ ਇੱਕ ਮੁੰਡਾ ਗਲਤ ਨਹੀਂ ਹੁੰਦਾ।

ਪਤਾ ਨਹੀਂ ਕਿਉਂ ਨਾ ਸਮਝੇ ਏ ਦੂਨੀਆਂ।।

ਝੂਠੇ ਬੇਬੁਨਿਆਦ ਇਲਜ਼ਾਮ ਲਗਾ ਕੇ,

ਮੁੰਡਿਆਂ ਹੱਥ ਲਵਾਉਣ ਹੱਥਕੜੀਆਂ,

ਕੁੱਝ ਨਵ ਵਿਆਹੀਆਂ ਅੱਜ ਦੀਆਂ ਕੁੜੀਆਂ।

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸੂਦ ਵਿਰਕ

ਹਰ ਇੱਕ ਮੁੰਡਾ ਗਲਤ ਨਹੀਂ ਹੁੰਦਾ।

ਪਤਾ ਨਹੀਂ ਕਿਉਂ ਨਾ ਸਮਝੇ ਏ ਦੂਨੀਆਂ।।

ਬੇਵਜਹ ਦੇ ਝੂਠੇ ਮੁੱਕਦਮੇ ਕੇਸ ਕਰ ਕੇ,

ਬਜ਼ੁਰਗ ਸੱਸ ਸਹੁਰੇ ਨੂੰ ਨੀਂਵਾ ਦਿਖਾ ਕੇ,

ਪਤੀ ਨੂੰ ਕੋਰਟ ਦੇ ਗੇੜੇ ਲਵਾਉਣ ਕੁੱਝ ਕੁੜੀਆਂ।

ਹਰ ਇੱਕ ਮੁੰਡਾ ਗਲਤ ਨਹੀਂ ਹੁੰਦਾ।

ਪਤਾ ਨਹੀਂ ਕਿਉਂ ਨਾ ਸਮਝੇ ਏ ਦੂਨੀਆਂ।।

ਸੂਦ ਵਿਰਕ ਇੱਕ ਵੱਖਰਾ ਪਹਿਲੂ ਲਿੱਖ ਕੇ,

ਮੁੰਡਿਆਂ ਦਾ ਲੁੱਕਿਆ ਪੱਖ ਬਿਆਨ ਕਰ ਕੇ,

ਸੱਚ ਦਾ ਹੋਕਾ ਖਰਿਆ ਸੁਣ ਲੈਣ ਕੁੱਝ ਕੁੜੀਆਂ।

ਹਰ ਇੱਕ ਮੁੰਡਾ ਗਲਤ ਨਹੀਂ ਹੁੰਦਾ।

ਪਤਾ ਨਹੀਂ ਕਿਉਂ ਨਾ ਸਮਝੇ ਏ ਦੂਨੀਆਂ।।